Public Guardian and Trustee of British Columbia

# ਵਿਚਾਰ ਕਰਨ ਵਾਲੀਆਂ ਚੋਣਾਂ

## ਜਦੋਂ ਕਿਸੇ ਵਿਅਕਤੀ ਨੂੰ ਆਪਣੇ ਵਿੱਤੀ, ਕਾਨੂੰਨੀ ਜਾਂ ਨਿੱਜੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਔਖਿਆਈਆਂ ਆਉਂਦੀਆਂ ਹਨ

| ਸ਼ਬਦ | ਪ੍ਰਬੰਧ | ਤਰੀਕਾ | ਬਦਲਵੇਂ ਫੈਸਲੇ ਕਰਨ ਵਾਲਾ ਕੌਣ ਬਣਦਾ ਹੈ | ਦਿੱਤੀਆਂ ਜਾਂਦੀਆਂ ਤਾਕਤਾਂ | ਵਿਅਕਤੀ ਦੀ ਮਾਨਸਿਕ ਸਮਰੱਥਾ |
|---|---|---|---|---|---|
| ਗੈਰਰਸਮੀ ਹੱਲ (ਇਨੌਰਮਲ ਰੈਜ਼ੋਲੂਸ਼ਨ) | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ | ਲਾਗੂ ਨਹੀਂ ਹੁੰਦਾ | ਉਦਾਹਰਣਾਂ:<br>• ਸਿੱਧਾ ਡਿਪਾਜ਼ਿਟ ਜਾਂ ਪੇਮੈਂਟ<br>• ਰਿਟਾਇਰਮੈਂਟ ਪਲੈਨਿੰਗ<br>• ਕਮਿਊਨਟੀ ਮਦਦ<br>• ਇਨਕਮ ਟੈਕਸ ਕਲੀਨਿਕ | ਸਮਰੱਥਾ ਮੰਨੀ ਜਾਂਦੀ ਹੈ। |
| ਇੰਡੁਅਰਿੰਗ ਪੌਵਰ ਔਫ ਅਟਾਰਨੀ | *ਪੌਵਰ ਔਫ ਅਟਾਰਨੀ ਐਕਟ* | ਸਮਰੱਥ ਵਿਅਕਤੀ ਗਵਾਹਾਂ ਨਾਲ ਇਕ ਪੇਪਰ (ਡਾਕੂਮੈਂਟ) 'ਤੇ ਦਸਖਤ ਕਰਦਾ ਹੈ। | ਕੋਈ ਵੀ ਸਮਰੱਥ ਬਾਲਗ – ਪਰਿਵਾਰ, ਦੋਸਤ, ਟਰੱਸਟ ਕੰਪਨੀ ਅਤੇ ਸਿਰਫ ਖਾਸ ਹਾਲਤਾਂ ਵਿਚ, ਪਬਲਿਕ ਗਾਰਡੀਅਨ ਐਂਡ ਟਰੱਸਟੀ। | ਅਟਾਰਨੀ ਕਾਨੂੰਨੀ ਜਾਂ ਵਿੱਤੀ ਫੈਸਲਿਆਂ ਵਿਚ ਸੇਧ ਦੇ ਸਕਦਾ ਹੈ। ਤਾਕਤਾਂ ਆਮ ਜਾਂ ਖਾਸ ਹੋ ਸਕਦੀਆਂ ਹਨ। ਇੰਡੁਅਰਿੰਗ (ਜਾਰੀ ਰਹਿਣ) ਦੀ ਕਲਾਜ਼ ਅਟਾਰਨੀ ਨੂੰ ਉਦੋਂ ਕਾਰਜ ਕਰਨ ਦਿੰਦੀ ਹੈ ਜੇ ਦਾਨੀ ਅਸਮਰੱਥ ਹੋ ਜਾਵੇ। | ਸਮਰੱਥ (ਐਕਟ ਦਾ ਐੱਸ. 12 ਦੇਖੋ)। |
| ਨੁਮਾਇੰਦਗੀ ਦਾ ਐਗਰੀਮੈਂਟ | *ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* | ਬਾਲਗ ਨਿੱਜੀ ਐਗਰੀਮੈਂਟ ਤਿਆਰ ਕਰਦਾ ਹੈ। ਗਵਾਹੀ ਲੋੜੀਂਦੇ ਤਰੀਕੇ ਨਾਲ ਪਾਈ ਜਾਂਦੀ ਹੈ। | ਕੋਈ ਵੀ ਸਮਰੱਥ ਬਾਲਗ – ਪਰਿਵਾਰ, ਦੋਸਤ, ਟਰੱਸਟ ਕੰਪਨੀ ਅਤੇ ਸੀਮਤ ਹਾਲਤਾਂ ਵਿਚ, ਸਿਰਫ ਪੈਸੇ ਧੇਲੇ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ। | ਐਗਰੀਮੈਂਟ ਦੀ ਕਿਸਮ ਅਤੇ ਘੇਰੇ ਮੁਤਾਬਕ ਨੁਮਾਇੰਦੇ ਨੂੰ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਰਨ ਜਾਂ ਨਿੱਤ ਦੇ ਵਿੱਤੀ ਮਾਮਲੇ ਨਜਿੱਠਣ ਦਾ ਅਧਿਕਾਰ ਹੋ ਸਕਦਾ ਹੈ ਜਦੋਂ ਬਾਲਗ ਅਜਿਹਾ ਕਰਨ ਦੇ ਯੋਗ ਨਹੀਂ ਰਹਿੰਦਾ। | ਸੈਕਸ਼ਨ 9 ਐਗਰੀਮੈਂਟ – ਸਮਰੱਥ (ਐਕਟ ਦਾ ਐੱਸ. 10 ਦੇਖੋ)।<br>ਸੈਕਸ਼ਨ 7 ਐਗਰੀਮੈਂਟ – ਸਮਰੱਥਾ ਮੰਨੀ ਜਾਂਦੀ ਹੈ ਅਤੇ ਪੱਖ ਦੇਖੇ ਜਾਂਦੇ ਹਨ (ਐਕਟ ਦਾ ਐੱਸ. 8 ਦੇਖੋ)। |
| ਪੈਨਸ਼ਨ ਟਰੱਸਟੀਸ਼ਿਪ | *ਫੈਡਰਲ ਇਨਕਮ ਸਕਿਉਰਟੀ ਪ੍ਰੋਗਰਾਮ (ਆਈ ਐੱਸ ਪੀ) – ਆਮ ਫਾਰਮ* | ਇਕ ਡਾਕਟਰ ਫਾਰਮ 'ਤੇ ਦਸਖਤ ਕਰਦਾ ਹੈ ਅਤੇ ਅਰਜ਼ੀਕਰਤਾ ਆਈ ਐੱਸ ਪੀ ਨੂੰ ਭੇਜਦਾ ਹੈ। | ਕੋਈ ਵੀ ਸਮਰੱਥ ਬਾਲਗ – ਪਰਿਵਾਰ, ਦੋਸਤ, ਪਬਲਿਕ ਗਾਰਡੀਅਨ ਐਂਡ ਟਰੱਸਟੀ। | ਟਰੱਸਟੀ ਸਿਰਫ ਓ ਏ ਐੱਸ/ਜੀ ਆਈ ਐੱਸ/ਸੀ ਪੀ ਪੀ ਰਾਹੀਂ ਦਿੱਤੇ ਗਏ ਪੈਸਿਆਂ ਦਾ ਹੀ ਪ੍ਰਬੰਧ ਚਲਾ ਸਕਦਾ ਹੈ। ਕੋਈ ਟਰੱਸਟੀ ਕਿਸੇ ਹੋਰ ਆਮਦਨ ਜਾਂ ਸੰਪਤੀ ਦਾ ਪ੍ਰਬੰਧ ਨਹੀਂ ਚਲਾ ਸਕਦਾ। | ਫੈਡਰਲ ਫੰਡਾਂ ਨੂੰ ਸਾਂਭਣ ਲਈ ਦਿਮਾਗੀ ਤੌਰ 'ਤੇ ਅਸਮਰੱਥ ਹੈ। |
| ਸਿਹਤ ਸੰਭਾਲ ਲਈ ਆਰਜ਼ੀ ਬਦਲਵੇਂ ਫੈਸਲੇ ਕਰਨ ਵਾਲਾ (ਟੀ ਐੱਸ ਡੀ ਐੱਮ) | *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ – ਹਿੱਸਾ 2* | ਹੈਲਥ ਕੇਅਰ ਪ੍ਰੋਵਾਈਡਰ (ਐੱਚ ਸੀ ਪੀ) ਐਕਟ ਵਿਚ ਯੋਗਤਾ ਪ੍ਰਾਪਤ ਨੇੜਲੇ ਰਿਸ਼ਤੇਦਾਰਾਂ ਅਤੇ ਕਰੀਬੀ ਦੋਸਤਾਂ ਦੀ ਸ਼੍ਰੇਣੀ ਮੁਤਾਬਕ ਚੋਣ ਕਰਦਾ ਹੈ। ਪੀ ਜੀ ਟੀ ਕਿਸੇ ਨੂੰ ਟੀ ਐੱਸ ਡੀ ਐੱਮ ਬਣਾ ਸਕਦਾ ਹੈ ਜਾਂ ਆਖਰੀ ਚਾਰੇ ਵਜੋਂ ਟੀ ਐੱਸ ਡੀ ਐੱਮ ਵਜੋਂ ਕੰਮ ਕਰ ਸਕਦਾ ਹੈ। | ਟੀ ਐੱਸ ਡੀ ਐੱਮ ਦੀ ਚੋਣ ਐੱਚ ਸੀ ਪੀ ਵਲੋਂ ਕੀਤੀ ਜਾਂਦੀ ਹੈ ਜਾਂ ਇਸ ਚੀਜ਼ ਵਿਚ ਫੇਲ੍ਹ ਹੋਣ 'ਤੇ, ਪੀ ਜੀ ਟੀ ਕਿਸੇ ਨੂੰ ਫੈਸਲਾ ਕਰਨ ਦਾ ਅਧਿਕਾਰ ਦੇ ਸਕਦਾ ਹੈ, ਜਾਂ ਆਖਰੀ ਹੀਲੇ ਵਜੋਂ ਆਪ ਫੈਸਲਾ ਕਰ ਸਕਦਾ ਹੈ। | ਤਜਵੀਜ਼ਸ਼ੁਦਾ ਸਿਹਤ ਸੰਭਾਲ ਨੂੰ ਸਹਿਮਤੀ ਦੇਣ ਜਾਂ ਦੇਣ ਤੋਂ ਨਾਂਹ ਕਰਨ ਦਾ ਅਧਿਕਾਰ, ਜਿਸ 'ਤੇ ਕੁਝ ਸੀਮਾਵਾਂ ਲਾਗੂ ਹੁੰਦੀਆਂ ਹਨ। | ਸਿਹਤ ਸੰਭਾਲ ਦਾ ਕੋਈ ਖਾਸ ਫੈਸਲਾ ਕਰਨ ਲਈ ਦਿਮਾਗੀ ਤੌਰ 'ਤੇ ਅਸਮਰੱਥ ਹੈ ਜਿਵੇਂ ਕਿ ਐੱਚ ਸੀ ਪੀ ਨੇ ਪੱਕਾ ਕੀਤਾ ਹੈ। |
| ਕਿਸੇ ਸਥਾਨ ਵਿਚ ਦਾਖਲੇ ਲਈ ਬਦਲਵੇਂ ਫੈਸਲੇ ਕਰਨ ਵਾਲਾ (ਐੱਸ ਡੀ ਐੱਮ) | *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ – ਪਾਰਟ 3* | ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਦਾਖਲੇ ਲਈ ਜ਼ਿੰਮੇਵਾਰ ਮੈਨੇਜਰ ਐਕਟ ਵਿਚ ਯੋਗਤਾ ਪ੍ਰਾਪਤ ਨੇੜਲੇ ਰਿਸ਼ਤੇਦਾਰਾਂ ਅਤੇ ਕਰੀਬੀ ਦੋਸਤਾਂ ਦੀ ਸ਼੍ਰੇਣੀ ਮੁਤਾਬਕ ਚੋਣ ਕਰਦਾ ਹੈ। ਪੀ ਜੀ ਟੀ ਕਿਸੇ ਨੂੰ ਐੱਸ ਡੀ ਐੱਮ ਬਣਾ ਸਕਦਾ ਹੈ ਜਾਂ ਆਖਰੀ ਹੀਲੇ ਵਜੋਂ ਐੱਸ ਡੀ ਐੱਮ ਵਜੋਂ ਕੰਮ ਕਰ ਸਕਦਾ ਹੈ। | ਐੱਸ ਡੀ ਐੱਮ ਦੀ ਚੋਣ ਮੈਨੇਜਰ ਵਲੋਂ ਕੀਤੀ ਜਾਂਦੀ ਹੈ ਜਾਂ ਇਸ ਚੀਜ਼ ਵਿਚ ਫੇਲ੍ਹ ਹੋਣ 'ਤੇ, ਪੀ ਜੀ ਟੀ ਕਿਸੇ ਨੂੰ ਫੈਸਲਾ ਕਰਨ ਦਾ ਅਧਿਕਾਰ ਦੇ ਸਕਦਾ ਹੈ, ਜਾਂ ਆਖਰੀ ਹੀਲੇ ਵਜੋਂ ਆਪ ਫੈਸਲਾ ਕਰ ਸਕਦਾ ਹੈ। | ਕਿਸੇ ਸਥਾਨ ਵਿਚ ਦਾਖਲੇ ਜਾਂ ਰਿਹਾਇਸ਼ ਜਾਰੀ ਰੱਖਣ ਨੂੰ ਸਹਿਮਤੀ ਦੇਣ, ਨਾਂਹ ਕਰਨ ਜਾਂ ਸਹਿਮਤੀ ਵਾਪਸ ਲੈਣ ਦਾ ਅਧਿਕਾਰ, ਜਿਸ 'ਤੇ ਕੁਝ ਸੀਮਾਵਾਂ ਲਾਗੂ ਹੁੰਦੀਆਂ ਹਨ। | ਸੰਭਾਲ ਦੀ ਕਿਸੇ ਥਾਂ ਵਿਚ ਦਾਖਲੇ ਜਾਂ ਰਿਹਾਇਸ਼ ਜਾਰੀ ਰੱਖਣ ਦਾ ਫੈਸਲਾ ਕਰਨ ਲਈ ਦਿਮਾਗੀ ਤੌਰ 'ਤੇ ਅਸਮਰੱਥ ਹੈ ਜਿਵੇਂ ਕਿ ਅਸੈੱਸਰ ਨੇ ਪੱਕਾ ਕੀਤਾ ਹੈ। |
| ਨਿਯੁਕਤ ਏਜੰਸੀ (ਡੀ ਏ) – ਪੜਤਾਲ ਕਰਨ ਲਈ ਕਾਨੂੰਨੀ ਆਦੇਸ | *ਅਡੱਲਟ ਗਾਰਡੀਅਨਸ਼ਿਪ ਐਕਟ, ਹਿੱਸਾ 3* | ਨਿਯੁਕਤ ਏਜੰਸੀਆਂ ਲਈ ਬਾਲਗ ਨਾਲ ਬੁਰੇ ਵਰਤਾਉ ਅਤੇ ਅਣਗਹਿਲੀ ਦੀਆਂ ਮਿਲਣ ਵਾਲੀਆਂ ਰਿਪੋਰਟਾਂ ਦੀ ਪੜਤਾਲ ਕਰਨਾ ਜ਼ਰੂਰੀ ਹੈ ਜਾਂ ਜਿਸ ਦਾ ਉਨ੍ਹਾਂ ਨੂੰ ਪਤਾ ਲੱਗਦਾ ਹੈ। | ਲਾਗੂ ਨਹੀਂ ਹੁੰਦਾ | ਨਿਯੁਕਤ ਏਜੰਸੀਆਂ ਉਪਲਬਧ ਅਤੇ ਢੁਕਵੀਂ ਮਦਦ ਅਤੇ ਸਹਾਇਤਾ ਪ੍ਰਦਾਨ ਕਰ ਸਕਦੀਆਂ ਹਨ। ਜਿਹੜੇ ਬਾਲਗ ਆਪਣੇ ਆਪ ਮਦਦ ਨਹੀਂ ਲੈ ਸਕਦੇ, ਨਿਯੁਕਤ ਏਜੰਸੀ ਬਾਲਗ ਦੀ ਰੱਖਿਆ ਕਰਨ ਲਈ ਅਡੱਲਟ ਗਾਰਡੀਅਨਸ਼ਿਪ ਐਕਟ ਅਧੀਨ ਕਾਨੂੰਨੀ ਸਾਧਨ ਵੀ ਵਰਤ ਸਕਦੀ ਹੈ। | ਸਮਰੱਥ ਸਮਝਿਆ ਜਾਂਦਾ ਹੈ, ਜੇ ਇਹ ਯਕੀਨ ਕਰਨ ਦਾ ਕੋਈ ਕਾਰਨ ਨਹੀਂ ਹੈ ਕਿ ਬਾਲਗ ਨਾਲ ਬੁਰਾ ਵਰਤਾਉ ਹੁੰਦਾ ਹੈ ਜਾਂ ਉਸ ਪ੍ਰਤੀ ਅਣਗਹਿਲੀ ਵਰਤੀ ਜਾ ਰਹੀ ਹੈ ਅਤੇ ਉਹ ਆਪਣੇ ਆਪ ਮਦਦ ਲੈਣ ਦੇ ਯੋਗ ਨਹੀਂ ਹੈ ਕਿਉਂਕਿ ਕੋਈ ਬੰਦਸ਼, ਸਰੀਰਕ ਅਪਾਹਜਤਾ ਜਾਂ ਹਾਲਤ ਹੈ ਜਿਹੜੀ ਫੈਸਲੇ ਕਰਨ ਦੀ ਸਮਰੱਥਾ 'ਤੇ ਅਸਰ ਪਾਉਂਦੀ ਹੈ। |

| ਸ਼ਬਦ | ਪ੍ਰਬੰਧ | ਤਰੀਕਾ | ਬਦਲਵੇਂ ਫੈਸਲੇ ਕਰਨ ਵਾਲਾ ਕੌਣ ਬਣਦਾ ਹੈ | ਦਿੱਤੀਆਂ ਜਾਂਦੀਆਂ ਤਾਕਤਾਂ | ਵਿਅਕਤੀ ਦੀ ਮਾਨਸਿਕ ਸਮਰੱਥਾ |
|---|---|---|---|---|---|
| ਪੀ ਜੀ ਟੀ ਵਲੋਂ ਅਟਾਰਨੀਆਂ, ਨੁਮਾਇੰਦਿਆਂ, ਕਮੇਟੀਆਂ ਦੀ ਪੜਤਾਲ | *ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ, ਐੱਸ. 17, 18* | ਪੀ ਜੀ ਟੀ ਵਿਖੇ ਅਸੈੱਸਮੈਂਟ ਅਤੇ ਪੜਤਾਲੀ ਸੇਵਾਵਾਂ (ਏ ਆਈ ਐੱਸ) ਨੂੰ ਰੈਫਰਲਾਂ ਕੀਤੀਆਂ ਜਾ ਸਕਦੀਆਂ ਹਨ। | ਲਾਗੂ ਨਹੀਂ ਹੁੰਦਾ | ਨਿੱਜੀ ਜਾਣਕਾਰੀ ਇਕੱਠੀ ਕਰਨ ਦਾ ਅਧਿਕਾਰ। ਜੇ ਢੁਕਵਾਂ ਹੋਵੇ ਤਾਂ ਕਮੇਟੀਸ਼ਿਪ ਲਈ ਵੀ ਅਪਲਾਈ ਕਰ ਸਕਦਾ ਹੈ। | ਇਹ ਯਕੀਨ ਕਰਨ ਦਾ ਕਾਰਨ ਹੈ ਕਿ ਕੋਈ ਬਾਲਗ ਆਪਣੇ ਵਿੱਤੀ ਮਾਮਲੇ ਨਜਿੱਠਣ ਦੇ ਅਸਮਰੱਥ ਹੈ। |
| ਪੀ ਜੀ ਟੀ ਦੀਆਂ ਹਿਫਾਜ਼ਤ ਕਰਨ ਵਾਲੀਆਂ ਤਾਕਤਾਂ | *ਸੰਪਤੀ ਦੀ ਹਿਫਾਜ਼ਤ – ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ, (ਐੱਸ. 19)* | ਏ ਆਈ ਐੱਸ ਅਤੇ ਪੀ ਜੀ ਟੀ ਨੂੰ ਰੈਫਰਲਾਂ ਕੀਤੀਆਂ ਜਾ ਸਕਦੀਆਂ ਹਨ। | ਲਾਗੂ ਨਹੀਂ ਹੁੰਦਾ | ਪੀ ਜੀ ਟੀ ਸੰਪਤੀ ਤੱਕ ਪਹੁੰਚ 30 ਦਿਨਾਂ ਤੱਕ ਸੀਮਤ ਕਰ ਸਕਦਾ ਹੈ (ਜਿਵੇਂ ਕਿ ਬੈਂਕ ਅਕਾਊਂਟਾਂ ਤੱਕ), ਵੱਧ ਤੋਂ ਵੱਧ 120 ਦਿਨਾਂ ਲਈ ਨਵਿਆਇਆ ਜਾ ਸਕਦਾ ਹੈ, ਜਦ ਤੱਕ ਇਹ ਸਪਸ਼ਟ ਨਹੀਂ ਹੋ ਜਾਂਦਾ ਕਿ ਬਾਲਗ ਦੀ ਹਾਲਤ ਕੀ ਹੈ, ਅਤੇ ਇਸ ਚੀਜ਼ ਬਾਰੇ ਪੜਤਾਲ ਕਰ ਸਕਦਾ ਹੈ ਕਿ ਕੀ ਇਸ ਚੀਜ਼ ਬਾਰੇ ਯਕੀਨ ਕਰਨ ਦਾ ਕਾਰਨ ਹੈ ਕਿ ਬਾਲਗ ਦਿਮਾਗੀ ਤੌਰ ’ਤੇ ਅਸਮਰੱਥ ਹੈ ਅਤੇ ਆਪਣੇ ਫੈਸਲੇ ਕਰਨ ਦੇ ਯੋਗ ਨਹੀਂ ਹੈ। | ਇਹ ਯਕੀਨ ਕਰਨ ਦਾ ਕਾਰਨ ਹੋਣਾ ਜ਼ਰੂਰੀ ਹੈ –<br>◆ ਬਾਲਗ ਹਿੱਸਾ 3 ਅਧੀਨ ਬਾਲਗ ਹੈ – ਉਸ ਨਾਲ ਬੁਰਾ ਵਰਤਾਉ ਹੋਇਆ ਹੈ ਜਾਂ ਅਣਗਿਹਲੀ ਹੋਈ ਹੈ,<br>◆ ਮਦਦ ਅਤੇ ਸਹਾਇਤਾ ਲੈਣ ਦੇ ਅਯੋਗ ਹੈ, ਅਜਿਹੀ ਹਾਲਤ ਹੈ ਜਿਹੜੀ ਫੈਸਲੇ ਕਰਨ ’ਤੇ ਅਸਰ ਪਾਉਂਦੀ ਹੈ<br>◆ ਬਾਲਗ ਦੀ ਸੰਪਤੀ ਖਤਰੇ ਵਿਚ ਹੈ ਅਤੇ ਉਸ ਨੂੰ ਫੌਰੀ ਹਿਫਾਜ਼ਤ ਦੀ ਲੋੜ ਹੈ |
| ਸੁਪੋਰਟ ਅਤੇ ਅਸਿਸਟੈਂਸ ਕੋਰਟ ਆਰਡਰ (ਸੂਬਾਈ ਕੋਰਟ ਆਰਡਰ) | *ਅਡੱਲਟ ਗਾਰਡੀਅਨਸ਼ਿਪ ਐਕਟ, ਹਿੱਸਾ 3* | ਨਿਯੁਕਤ ਏਜੰਸੀ ਪੀ ਜੀ ਟੀ ਨੂੰ ਪ੍ਰੈਕਟਿਸ ਗਾਈਡਲਾਈਨਾਂ ਮੁਤਾਬਕ ਅਸਮਰੱਥਾ ਦੀ ਅਸੈੱਸਮੈਂਟ ਕਰਨ ਲਈ ਕਹਿੰਦੀ ਹੈ। ਜੇ ਬਾਲਗ ਅਸਮਰੱਥ ਸਮਝਿਆ ਜਾਂਦਾ ਹੈ ਤਾਂ ਨਿਯੁਕਤ ਏਜੰਸੀ ਆਰਡਰ ਲਈ ਅਦਾਲਤ ਕੋਲ ਅਪਲਾਈ ਕਰ ਸਕਦੀ ਹੈ। | ਅਦਾਲਤ ਮਦਦ ਅਤੇ ਸਹਾਇਤਾ ਦੀ ਪਲੈਨ ਦਾ ਆਰਡਰ ਕਰ ਸਕਦੀ ਹੈ; ਇਸ ਵਿਚ ‘ਪੀ ਜੀ ਟੀ ਦੀਆਂ ਸੇਵਾਵਾਂ’ ਜਾਂ ਰਿਸਟਰੇਨਿੰਗ ਆਰਡਰ, ਆਦਿ ਸ਼ਾਮਲ ਹੋ ਸਕਦੇ ਹਨ। | ਅਦਾਲਤ ਇਹ ਆਰਡਰ ਕਰ ਸਕਦੀ ਹੈ ਕਿ ਬਾਲਗ ਨੂੰ ਮਦਦ ਅਤੇ ਸਹਾਇਤਾ ਦੀ ਪਲੈਨ ਵਿਚ ਦੱਸੀ ਗਈ ਕੋਈ ਸਰਵਿਸ ਜਾਂ ਸਾਰੀਆਂ ਸੇਵਾਵਾਂ ਦਿੱਤੀਆਂ ਜਾਣ, ਜਿਵੇਂ ਕਿ ਇਲਾਜ ਕਰਨ ਵਾਲੇ ਕਿਸੇ ਸਥਾਨ ਵਿਚ ਦਾਖਲਾ, ਰਿਸਟਰੇਨਿੰਗ ਆਰਡਰ। ਆਰਡਰ 12 ਮਹੀਨਿਆਂ ਤੱਕ ਹੋ ਸਕਦਾ ਹੈ, ਹੋਰ 12 ਮਹੀਨੇ ਲਈ ਨਵਿਆਇਆ ਜਾ ਸਕਦਾ ਹੈ। | ਪੇਸ਼ ਕੀਤੀ ਗਈ ਮਦਦ ਅਤੇ ਸਹਾਇਤਾ ਤੋਂ ਨਾਂਹ ਕਰਨ ਦੇ ਦਿਮਾਗੀ ਤੌਰ ’ਤੇ ਅਸਮਰੱਥ ਹੈ। |
| ਕਮੇਟੀ ਔਫ ਇਸਟੇਟ | *ਅਸਮਰੱਥਾ ਦਾ ਸਰਟੀਫਿਕੇਟ (ਅਡੱਲਟ ਗਾਰਡੀਅਨਸ਼ਿਪ ਐਕਟ, ਹਿੱਸਾ 2.1)* | ਯੋਗਤਾ ਪ੍ਰਾਪਤ ਹੈਲਥ ਕੇਅਰ ਪ੍ਰੋਵਾਈਡਰ ਤੋਂ ਅਸਮਰੱਥਾ ਦੀ ਅਸੈੱਸਮੈਂਟ ਮਿਲਣ ’ਤੇ, ਅਸਮਰੱਥਾ ਦੇ ਸਰਟੀਫਿਕੇਟ ’ਤੇ ਨਿਯੁਕਤ ਅਧਿਕਾਰੀ ਵਲੋਂ ਦਸਖਤ ਕੀਤੇ ਜਾਂਦੇ ਹਨ। | ਸਿਰਫ ਪਬਲਿਕ ਗਾਰਡੀਅਨ ਐਂਡ ਟਰੱਸਟੀ। | ਬਾਲਗ ਦੇ ਕਾਨੂੰਨੀ ਅਤੇ ਵਿੱਤੀ ਮਾਮਲਿਆਂ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ ਦੀ ਪੂਰੀ ਜ਼ਿੰਮੇਵਾਰੀ ਹੈ। | ਵਿੱਤੀ ਅਤੇ ਕਾਨੂੰਨੀ ਮਾਮਲੇ ਨਜਿੱਠਣ ਦੇ ਅਸਮਰੱਥ ਹੈ। |
| ਕਮੇਟੀ ਔਫ ਇਸਟੇਟ (ਸੁਪਰੀਮ ਕੋਰਟ ਆਰਡਰ) | *ਕੋਰਟ ਆਰਡਰ (ਪੇਸ਼ੈਂਟਸ ਪ੍ਰਾਪਰਟੀ ਐਕਟ)* | ਦੋ ਡਾਕਟਰਾਂ ਦੀ ਰਾਇ ਅਤੇ ਅਦਾਲਤ ਦੀ ਸੁਣਵਾਈ। | ਕੋਈ ਵੀ ਸਮਰੱਥ ਬਾਲਗ – ਪਰਿਵਾਰ, ਦੋਸਤ, ਟਰੱਸਟ ਕੰਪਨੀ, ਪਬਲਿਕ ਗਾਰਡੀਅਨ ਐਂਡ ਟਰੱਸਟੀ। | ਕਮੇਟੀ ਕੋਲ ਵਿਅਕਤੀ ਦੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦੀ ਪੂਰੀ ਜ਼ਿੰਮੇਵਾਰੀ ਹੈ ਅਤੇ ਉਹ ਪਬਲਿਕ ਗਾਰਡੀਅਨ ਐਂਡ ਟਰੱਸਟੀ ਨੂੰ ਜਵਾਬਦੇਹ ਹੈ। | ਵਿੱਤੀ ਅਤੇ ਕਾਨੂੰਨੀ ਮਾਮਲੇ ਨਜਿੱਠਣ ਦੇ ਅਸਮਰੱਥ ਹੈ। |
| ਕਮੇਟੀ ਔਫ ਪਰਸਨ (ਸੁਪਰੀਮ ਕੋਰਟ ਆਰਡਰ) | *ਕੋਰਟ ਆਰਡਰ (ਪੇਸ਼ੈਂਟਸ ਪ੍ਰਾਪਰਟੀ ਐਕਟ)* | ਦੋ ਡਾਕਟਰਾਂ ਦੀ ਰਾਇ ਅਤੇ ਅਦਾਲਤ ਦੀ ਸੁਣਵਾਈ। | ਕੋਈ ਵੀ ਸਮਰੱਥ ਬਾਲਗ (ਪਰਿਵਾਰ ਜਾਂ ਨੇੜਲੇ ਦੋਸਤ ਦੀ ਸਿਫਾਰਸ਼) | ਕਮੇਟੀ ਨਿੱਜੀ ਸੰਭਾਲ, ਹੈਲਥਕੇਅਰ, ਮਨਾਹੀਆਂ ਅਤੇ ਸੰਭਾਲ ਕਰਨ ਵਾਲੀ ਥਾਂ ਵਿਚ ਦਾਖਲੇ ਨਾਲ ਸੰਬੰਧਿਤ ਫੈਸਲੇ ਕਰਦੀ ਹੈ। | ਨਿੱਜੀ ਫੈਸਲੇ ਕਰਨ ਦੇ ਅਸਮਰੱਥ ਹੈ। |
| ਮੈਂਟਲ ਹੈਲਥ ਕੋਮਿਟਲ | *ਮੈਂਟਲ ਹੈਲਥ ਐਕਟ ਅਧੀਨ ਸਰਟੀਫਿਕੇਟ* | ਦਾਖਲੇ ਲਈ ਇਕ ਮੈਡੀਕਲ ਸਰਟੀਫਿਕੇਟ; ਕਿਸੇ ਸਾਇਕਐਟਰਿਕ ਸਥਾਨ ਵਿਚ ਦਾਖਲੇ ਲਈ ਦੋ ਸਰਟੀਫਿਕੇਟ। | ਸਾਇਕਐਟਰਿਕ ਪਛਾਣ ਨਾਲ ਸੰਬੰਧਿਤ ਫੈਸਲੇ ਇਲਾਜ ਅਤੇ ਭਰਤੀ ਦੇ ਫੈਸਲੇ ਨਿਯੁਕਤ ਸਥਾਨ ਦੇ ਡਾਇਰੈਕਟਰ ਵਲੋਂ ਕੀਤੇ ਜਾਂਦੇ ਹਨ। | ਸਾਇਕਐਟਰਿਕ ਇਲਾਜ ਲਈ ਬਿਨਾਂ ਮਰਜ਼ੀ ਦੇ ਭਰਤੀ ਕਰਵਾਉਣਾ – ਸਮਾਂ ਸੀਮਤ ਹੈ। | ਲਾਗੂ ਨਹੀਂ ਹੁੰਦਾ |

ਵਿਚਾਰ ਕਰਨ ਵਾਲੀਆਂ ਚੋਣਾਂ ਦਾ ਸ੍ਰੋਤ ਡਾਕੂਮੈਂਟ ਦੇਖਣ ਲਈ **http://www.trustee.bc.ca/reports-and-publications/Pages/certificate-of-incapability-guidelines.aspx** ’ਤੇ ਜਾਉ।